# ਫੁੱਲਾਂ ਦੀ ਖੇਤੀ ਦਾ ਸਿਰਮੌਰ ਕਿਸਾਨ–

## ਸ. ਗੁਰਪ੍ਰੀਤ ਸਿੰਘ ਸ਼ੇਰਗਿੱਲ

ਬਾਗਬਾਨੀ ਦੇ ਖੇਤਰ ਵਿੱਚ ਉਚੇਰੀਆਂ ਪ੍ਰਾਪਤੀਆਂ ਹਾਸਲ ਕਰਨ ਵਾਲਾ 43 ਸਾਲਾ ਸ. ਗੁਰਪ੍ਰੀਤ ਸਿੰਘ ਸ਼ੇਰਗਿੱਲ ਪਿੰਡ ਮਜਾਲ ਖੁਰਦ ਜ਼ਿਲ੍ਹਾ ਪਟਿਆਲਾ ਦਾ ਇੱਕ ਅਗਾਂਹ ਵਧੂ ਕਿਸਾਨ ਹੈ । ਸ. ਗੁਰਪ੍ਰੀਤ ਸਿੰਘ ਸ਼ੇਰਗਿੱਲ ਕਿੱਤੇ ਵਜੋ ਭਾਵੇਂ ਮਕੈਨੀਕਲ ਇੰਜਨੀਅਰ ਹੈ ਪਰ ਉਸ ਨੇ ਰੁਜ਼ਗਾਰ ਪਿੱਛੇ ਭੱਜਣ ਦੀ ਥਾਂ ਸਵੈ-ਰੁਜ਼ਗਾਰ ਨੂੰ ਅਪਣਾਇਆ । ਉਹ ਪੁਰਾਤਨ ਖੇਤੀ ਢਾਂਚੇ ਤੋਂ ਸੰਤੁਸ਼ਟ ਨਹੀਂ ਸੀ ਇਸ ਲਈ ਉਸਨੇ ਵਿਹਲੇ ਸਮੇਂ ਵਿੱਚ ਖੇਤੀ ਸੰਬੰਧੀ ਨਵੀਆਂ ਤਕਨੀਕਾਂ ਦਾ ਲਿਟਰੇਚਰ (ਸਾਹਿਤ) ਪੜ੍ਹਨਾ ਸ਼ੁਰੂ ਕਰ ਦਿੱਤਾ ਜਿਸ ਦੇ ਨਤੀਜੇ ਵਜੋਂ ਉਹ ਪੁਰਾਤਨ ਖੇਤੀ ਤੋਂ ਫ਼ਸਲ ਵਿਭਿੰਨਤਾ ਵਾਲੇ ਰਾਹ ਤੁਰ ਪਇਆ। ਸ਼ੁਰੂ ਵਿੱਚ ਉਸ ਨੇ ਖੇਤੀ ਦੇ ਨਾਲ ਨਾਲ ਪਸ਼ੂ ਪਾਲਣ[redacted] ਦਾ ਧੰਦਾ ਅਪਣਾਇਆ ਅਤੇ ਬਾਅਦ ਵਿੱਚ ਮੱਛੀ ਪਾਲਣ ਦਾ ਕੰਮ ਵੀ ਸ਼ੁਰੂ ਕਰ ਲਿਆ। ਮੱਛੀ ਪਾਲਣ ਦਾ ਕੰਮ ਇੱਕ ਏਕੜ ਵਿੱਚ ਸ਼ੁਰੂ ਕੀਤਾ। ਆਪਣੀ ਖਾਨਦਾਨੀ 36 ਏਕੜ ਜ਼ਮੀਨ ਦੇ 22 ਏਕੜ ਰਕਬੇ ਵਿੱਚ, ਜਿੱਥੇ ਉਹ 1996 ਤੋਂ ਗੇਂਦੇ ਦੀ ਖੇਤੀ ਕਰ ਰਿਹਾ ਹੈ, ਉਥੇ ਗਲੈਡੀਉਲਸ, ਗੁਲਜ਼ਾਫ਼ਰੀ, ਸਟੈਟਾਈਸ ਅਤੇ ਗੁਲਾਬ ਦੀ ਕਾਸ਼ਤ ਵਿੱਚ ਵੀ ਉਸਨੇ ਚਾਨਣ ਮੁਨਾਰੇ ਦਾ ਕੰਮ ਕੀਤਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਨਾਲ ਲਗਾਤਾਰ ਸੰਪਰਕ ਵਿੱਚ ਰਹਿਣ ਵਾਲਾ ਸ. ਗੁਰਪ੍ਰੀਤ ਸਿੰਘ ਸ਼ੇਰਗਿੱਲ ਲਗਭਗ ਸਾਰੇ ਖੇਤੀ ਮੈਗਜ਼ੀਨ ਪੜ੍ਹਦਾ ਹੈ ਅਤੇ ਕਿਸਾਨ ਮੇਲਿਆਂ ਵਿੱਚ ਸ਼ਾਮਿਲ ਹੋਣਾ ਆਪਣਾ ਧਰਮ ਸਮਝਦਾ ਹੈ। ਮਧੂ ਮੱਖੀ ਪਾਲਣ, ਖੁੰਬਾਂ ਦੀ ਕਾਸ਼ਤ,



ਖਰਗੋਸ਼ ਪਾਲਣ, ਪਸ਼ੂ ਪਾਲਣ ਅਤੇ ਭੋਜਨ ਸੰਬੰਧੀ ਪ੍ਰੋਸੈਸਿੰਗ ਵਰਗੇ ਕੋਰਸਾਂ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਸਿਖਲਾਈ ਪ੍ਰਾਪਤ ਸ. ਸ਼ੇਰਗਿੱਲ ਖੇਤੀ ਸਲਾਹਕਾਰ ਸੇਵਾ ਕੇਂਦਰ ਪਟਿਆਲਾ ਦੀ ਪੰਜਾਬ ਨੌਜਵਾਨ ਕਿਸਾਨ ਸੰਸਥਾ ਦਾ ਮੈਂਬਰ ਵੀ ਹੈ। ਦੇਸ਼ ਵਿਦੇਸ਼ ਦੇ ਸਿਰਕੱਢ ਖੋਜ ਅਦਾਰਿਆਂ ਵਿੱਚੋਂ ਨਵੀਨਤਮ ਗਿਆਨ ਹਾਸਲ ਕਰਕੇ ਉਸ ਨੇ ਉਹ ਸਿਖਰਾਂ ਛੋਹੀਆਂ ਹਨ, ਜਿਨ੍ਹਾਂ ਦਾ ਆਮ ਆਦਮੀ ਸੁਪਨਾ ਵੀ ਨਹੀਂ ਲੈ ਸਕਦਾ। ਪਰਿਵਾਰਕ ਮੈਂਬਰਾਂ ਦੀ ਸਹਾਇਤਾ ਨਾਲ ਸ. ਸ਼ੇਰਗਿੱਲ ਖੇਤੀ ਦੇ ਵੰਨ-ਸੁਵੰਨੇ ਪ੍ਰਬੰਧ ਨੂੰ ਚਲਾ ਰਿਹਾ ਹੈ । ਉਸ ਦੇ ਖੇਤਾਂ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਆਏ ਖੇਤੀਬਾੜੀ ਮਾਹਿਰ ਵੀ ਦੌਰਾ ਕਰਦੇ ਹਨ। ਸ. ਗੁਰਪ੍ਰੀਤ ਸਿੰਘ ਸ਼ੇਰਗਿੱਲ ਨੇ ਆਪਣੀ ਖੇਤੀ ਨੂੰ ਬਾਰੀਕੀ ਦੀ ਖੇਤੀ ਵਜੋਂ ਵਿਕਸਤ ਕੀਤਾ ਹੈ।

ਕੁਦਰਤੀ ਸੋਮਿਆਂ ਬਾਰੇ ਜਾਗਰੂਕ ਇਹ ਕਿਸਾਨ ਪਰਖ ਦੇ ਆਧਾਰ ਤੇ ਖਾਦਾਂ ਦੀ ਵਰਤੋਂ ਅਤੇ ਸਿੰਜਾਈ ਵਾਸਤੇ ਤੁਪਕਾ ਸਿੰਜਾਈ ਵਿਧੀ ਅਪਣਾਉਂਦਾ ਹੈ। ਉਸਦਾ ਮੰਨਣਾ ਹੈ ਕਿ ਤੁਪਕਾ ਸਿੰਜਾਈ ਨਾਲ ਨਾ ਕੇਵਲ ਪਾਣੀ ਦੀ ਬੱਚਤ ਹੁੰਦੀ ਹੈ ਸਗੋਂ ਬੂਟਿਆਂ ਦੇ ਚੰਗੇ ਵਾਧੇ ਅਤੇ ਵੱਧ ਪੈਦਾਵਾਰ ਲਈ ਬੂਟਿਆਂ ਦੀਆਂ ਜੜ੍ਹਾਂ ਨੂੰ ਵੀ ਪਾਣੀ ਮਿਲਦਾ ਹੈ । ਧਰਤੀ ਦਾ ਵੱਤਰ ਸੰਭਾਲਣ ਅਤੇ ਨਦੀਨਾਂ ਦੀ ਰੋਕਥਾਮ ਲਈ ਉਹ ਗੁਲਾਬ ਦੀ ਫ਼ਸਲ ਵਿੱਚ ਮਲਚਿੰਗ ਵਿਧੀ ਅਪਣਾਉਂਦਾ ਹੈ ਅਤੇ ਉਸ ਦਾ ਫ਼ਸਲੀ ਚੱਕਰ ਵੀ ਨਿਵੇਕਲਾ ਹੈ । ਝੋਨਾ-ਗਲੈਡੀਉਲਸ, ਝੋਨਾ-ਗੇਂਦਾ, ਹਰਾ ਚਾਰਾ-ਗਲੈਡੀਉਲਸ-ਹਰਾ ਚਾਰਾ, ਹਰਾ ਚਾਰਾ-ਗੇਂਦਾ-ਹਰਾ ਚਾਰਾ ਅਤੇ ਹਰਾ ਚਾਰਾ-ਗਲੈਡੀਉਲਸ-



ਗੇਂਦਾ ਲਗਾਉਣਾ ਉਸਦੇ ਮਨ ਪਸੰਦ ਫ਼ਸਲ ਚੱਕਰ ਹਨ । ਫੁੱਲਾਂ ਦੀ ਕਾਸ਼ਤ ਤੋਂ ਇਲਾਵਾ

ਉਹ 10 ਏਕੜ ਜ਼ਮੀਨ ਵਿੱਚ ਝੋਨੇ ਦੀ ਕਾਸ਼ਤ ਵੀ ਕਰਦਾ ਹੈ । ਉਸਨੇ ਆਪਣੇ ਖੇਤਾਂ ਵਿੱਚ ਦੋ ਹਜ਼ਾਰ ਵਰਗ ਫੁੱਟ ਦਾ ਵਰਮੀ ਕੰਪੋਸਟ ਯੂਨਿਟ ਵੀ ਸਥਾਪਿਤ ਕੀਤਾ ਹੋਇਆ, ਜਿਸ ਤੋਂ 250 ਕੁਇੰਟਲ ਸਾਲਾਨਾ ਗੰਡੋਇਆਂ ਦੀ ਖਾਦ ਦੀ ਪੈਦਾਵਾਰ ਹੁੰਦੀ ਹੈ ਅਤੇ ਲੇਬਰ ਦਾ ਖਰਚਾ ਘੱਟ ਹੁੰਦਾ ਹੈ। ਉਹ ਜ਼ਮੀਨ ਦੀ ਸਥਿਤੀ ਦੇ ਸੁਧਾਰ ਲਈ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਹੀ ਵਾਹ ਦਿੰਦਾ ਹੈ ਅਤੇ ਵਾਧੂ ਬਚੀ ਫ਼ਸਲਾਂ ਦੀ ਰਹਿੰਦ ਖੂੰਹਦ ਨੂੰ ਪਸ਼ੂਆਂ ਦੇ ਚਾਰੇ ਵਜੋਂ ਵਰਤ ਲੈਂਦੇ ਹੈ। ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਪਾਣੀ ਨੂੰ ਰੀਚਾਰਜ ਕਰਨ ਵਾਸਤੇ ਉਸਨੇ ਆਪਣੇ ਖੇਤਾਂ ਵਿੱਚ ਪੂਰਾ ਪ੍ਰਬੰਧ ਕੀਤਾ ਹੋਇਆ ਹੈ । ਉਸਨੇ ਆਪਣੇ ਖੇਤਾਂ ਦੀ ਢਲਾਨ ਰੀਚਾਰਜਿੰਗ ਖੂਹ ਵੱਲ ਕੀਤੀ ਹੋਈ ਹੈ ਤਾਂ ਜੋ ਵਾਧੂ ਪਾਣੀ ਅਰਾਮ ਨਾਲ ਖੂਹ ਵਿੱਚ ਚਲਾ ਜਾਏ।

ਪਟਿਆਲਾ ਚੀਕਾ ਰੋਡ ਤੇ 14 ਕਿਲੋਮੀਟਰ ਦੂਰ ਉਸ ਦਾ ਫਾਰਮ ਫੁੱਲਾਂ ਦੀ ਰੌਣਕ ਅਤੇ ਖੁਸ਼ਹਾਲੀ ਨਾਲ ਭਰਪੂਰ ਹੈ। ਨਹਿਰੀ ਪਾਣੀ ਤੋਂ ਇਲਾਵਾ ਟਿਊਬਵੈੱਲ ਅਤੇ ਪਾਣੀ ਭੰਡਾਰ ਤਲਾਬ ਉਸ ਲਈ ਸਿੰਜਾਈ ਦਾ ਵਸੀਲਾ ਹਨ। ਸਾਰੇ ਫਾਰਮ ਵਿੱਚ ਜ਼ਮੀਨਦੋਜ਼ ਪਾਈਪਾਂ ਪਾਣੀ ਦੀ ਬੱਚਤ ਕਰਨ ਵਿੱਚ ਮਦਦਗਾਰ ਸਾਬਿਤ ਹੁੰਦੀਆਂ ਹਨ। ਹਰ ਤਰ੍ਹਾਂ ਦੀ ਲੋੜੀਂਦੀ ਮਸ਼ੀਨਰੀ ਉਸ ਕੋਲ ਉਪਲੱਬਧ ਹੈ ਅਤੇ ਉਹ ਮਸ਼ੀਨਰੀ ਦੀ ਪੂਰੀ ਸਾਂਭ-ਸੰਭਾਲ ਰੱਖਦਾ ਹੈ। ਫੁੱਲਾਂ ਦੀ ਤਾਜ਼ਗੀ ਬਰਕਰਾਰ ਰੱਖਣ ਲਈ ਕੋਲਡ ਰੂਮ ਦਾ ਇਸਤੇਮਾਲ ਕਰਦਾ ਹੈ। ਉਹ ਆਪਣੇ ਖੇਤੀ ਦੇ ਕਿੱਤੇ ਨੂੰ ਕੇਵਲ ਆਮਦਨ ਦਾ ਵਸੀਲਾ ਹੀ ਨਹੀਂ ਬਣਾ ਰਿਹਾ ਸਗੋਂ ਲਗਭਗ 20 ਮਜ਼ਦੂਰਾਂ ਨੂੰ ਉਹ ਰੁਜ਼ਗਾਰ ਵੀ ਮੁਹੱਈਆ ਕਰ ਰਿਹਾ ਹੈ, ਜਿਨ੍ਹਾਂ ਵਿੱਚੋਂ ਮਜ਼ਦੂਰ ਔਰਤਾਂ ਉਸਦੇ ਗਲੈਡੀਉਲਸ ਦੇ ਫੁੱਲਾਂ ਨੂੰ ਵਿਕਰੀ ਯੋਗ ਬਣਾਉਣ ਲਈ ਮਦਦ ਕਰਦੀਆਂ ਹਨ। ਉਸ ਦੇ ਅਨੁਸਾਰ ਔਰਤਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਦਾ ਮਕਸਦ ਇਹ ਵੀ ਹੈ ਕਿ ਉਹ ਆਪਣੇ ਪਰਿਵਾਰ ਅਤੇ ਬੱਚਿਆਂ ਦੀ ਦੇਖਭਾਲ ਨੇੜੇ ਰਹਿ ਕੇ ਜ਼ਿਆਦਾ ਕਰ ਸਕਦੀਆਂ ਹਨ ।

ਗਲੈਡੀਉਲਸ ਬਲਬ ਗਰੇਡਰ ਡਿਜ਼ਾਇਨ ਕਰਨ ਤੋਂ ਇਲਾਵਾ ਗਲੈਡੀਉਲਸ ਦੇ ਬਲਬ ਪੁੱਟਣ ਲਈ ਉਸ ਨੇ ਖੁਦ ਦੀ ਮਸ਼ੀਨ ਵਿਕਸਿਤ ਕੀਤੀ ਹੋਈ ਹੈ, ਜਿਸ ਦੀ ਵਰਤੋਂ ਨਾਲ ਕੰਮ ਸੁਖਾਲਾ ਹੋ ਜਾਂਦਾ ਹੈ ਤੇ ਲੇਬਰ ਵੀ ਘੱਟ ਲੱਗਦੀ ਹੈ । ਇਸ ਦੇ ਨਾਲ ਗੁਲਾਬ ਜਲ ਤਿਆਰ ਕਰਨ ਦਾ ਯੂਨਿਟ ਵੀ ਉਸਨੇ ਆਪਣੇ ਖੇਤਾਂ ਵਿੱਚ ਵਿਕਸਿਤ ਕੀਤਾ ਹੋਇਆਂ ਹੈ ਜੋ ਕਿ ਬਾਲਸਨ ਗੁਲਾਬ ਜਲ ਨਾਮ ਹੇਠ ਵਿਕਦਾ ਹੈ। ਪੰਜਾਬ ਦੇ ਬਾਗਬਾਨੀ ਵਿਭਾਗ ਦੀ

ਮਦਦ ਨਾਲ ਉਸ ਨੇ ਵਰਮੀ ਕੰਪੋਸਟ ਯੂਨਿਟ ਵੀ ਤਿਆਰ ਕੀਤਾ ਹੈ ਜਿਸ ਨੂੰ ਕਿ ਆਪਣੇ ਖੇਤਾਂ ਵਿੱਚ ਖਾਦ ਵਰਤਣ ਤੋਂ ਇਲਾਵਾ ਲੋੜਵੰਦ ਕਿਸਾਨਾਂ ਨੂੰ ਬਾਲਸਨ ਮਾਅਰਕਾ ਨਾਮ ਹੇਠ ਵੇਚਦਾ ਹੈ।

ਪੌਲੀਹਾਊਸ ਸਥਾਪਿਤ ਕਰਕੇ ਉਸ ਨੇ ਫੁੱਲਾਂ ਦੀ ਖੇਤੀ ਨੂੰ ਯਕੀਨੀ ਬਣਾਇਆ ਹੈ ਅਤੇ ਅਕਾਸ਼ਵਾਣੀ ਤੋਂ ਇਲਾਵਾ ਦੂਰਦਰਸ਼ਨ ਦੇ ਪ੍ਰੋਗਰਾਮਾਂ ਵਿੱਚ ਵੀ ਆਪਣਾ ਗਿਆਨ ਪੇਸ਼ ਕਰਕੇ ਪੂਰੇ ਪੰਜਾਬ ਲਈ ਪ੍ਰੇਰਨਾ ਸਰੋਤ ਬਣਿਆ ਹੈ। ਆਪਣੀ ਉਪਜ ਦੀ ਵਿਕਰੀ ਲਈ ਉਹ ਕਿਸੇ ਹੋਰ ਤੇ ਨਿਰਭਰ ਨਹੀਂ ਕਰਦਾ ਸਗੋਂ ਖੁਦ ਮੰਡੀ ਤੇ ਨਜ਼ਰ ਰੱਖਦਾ ਹੈ। ਪੰਜਾਬ ਸਰਕਾਰ ਨੂੰ ਕਿਸਾਨ ਸਮੱਸਿਆਵਾਂ ਬਾਰੇ ਜਾਣਕਾਰੀ ਦੇਣ ਤੋਂ ਉਹ ਕਦੇ ਨਹੀਂ ਝਿਜਕਦਾ । ਉਸ ਦਾ ਆਤਮ ਵਿਸ਼ਵਾਸ, ਅਣਥੱਕ ਮਿਹਨਤ ਅਤੇ ਉਸਦਾ ਧੰਦਾ ਹੀ ਉਸਦੀ ਸ਼ਕਤੀ ਹਨ। ਉਹ ਆਪਣੀਆਂ ਸਾਰੀਆਂ ਪ੍ਰਾਪਤੀਆਂ ਲਈ ਗਿਆਨ-ਵਿਗਿਆਨ ਆਧਾਰਿਤ ਖੇਤੀ ਨੂੰ ਹੀ ਮੰਨਦਾ ਹੈ ਅਤੇ ਆਪਣੇ ਸਮੂਹ ਪੰਜਾਬੀ ਭਰਾਵਾਂ ਨੂੰ ਵੀ ਇਸੇ ਰਾਹ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਉਸਦਾ ਮੰਨਣਾ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਖੇਤੀ ਸਲਾਹਕਾਰ ਸੇਵਾ ਕੇਂਦਰ ਪਟਿਆਲਾ ਦੇ ਵਿਗਿਆਨੀਆਂ ਨਾਲ ਰਾਬਤਾ ਰੱਖਣ ਨਾਲ ਹੀ ਉਹ ਇਸ ਮੰਜ਼ਿਲ ਤੱਕ ਪਹੁੰਚਿਆ ਹੈ। ਸ. ਸ਼ੇਰਗਿੱਲ ਦੀ ਮਿਹਨਤ ਅਤੇ ਲਿਆਕਤ ਸਦਕਾ ਸੰਨ 2011 ਵਿੱਚ ਉਸ ਨੂੰ ਮੁੱਖ ਮੰਤਰੀ ਪੁਰਸਕਾਰ (ਬਾਗਬਾਨੀ) ਨਾਲ ਨਵਾਜ਼ਿਆ ਗਿਆ। ਇੰਨਾਂ ਹੀ ਨਹੀਂ, ਸੰਨ 2012 ਵਿੱਚ ਉਸਨੂੰ ਭਾਰਤੀ ਖੇਤੀ ਖੋਜ ਪ੍ਰੀਸ਼ਦ ਵੱਲੋਂ "ਜੁਗਤੀ ਕਿਸਾਨ - ਜਗਜੀਵਨ ਰਾਮ" ਇਨਾਮ ਅਤੇ ਸੰਨ 2014 ਵਿੱਚ "ਐਨ. ਜੀ. ਰੰਗਾ ਫਾਰਮਰ" ਐਵਾਰਡ ਦੇ ਨਾਲ ਇੱਕ ਲੱਖ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ



ਸੰਨ 2016 ਵਿੱਚ ਭਾਰਤੀ ਖੇਤੀ ਖੋਜ ਸੰਸਥਾ ਨਵੀਂ ਦਿੱਲੀ ਨੇ ਉਸਨੂੰ "ਫਾਰਮਰ" ਐਵਾਰਡ

ਨਾਲ ਨਵਾਜ਼ਿਆ ਅਤੇ ਆਸ ਹੈ ਕਿ ਉਹ ਹੋਰ ਅੱਗੇ ਸਫ਼ਲਤਾ ਦੀਆਂ ਸਿਖ਼ਰਾਂ ਨੂੰ ਛੋਹੇਗਾ । ਫੁੱਲਾਂ ਦੀ ਕਾਸ਼ਤ ਨਾਲ ਖੇਤੀ ਵਿੱਚ ਵੰਨ ਸੁਵੰਨਤਾ ਲਿਆਉਣ ਵਾਲਾ ਸ. ਗੁਰਪ੍ਰੀਤ ਸਿੰਘ ਸ਼ੇਰਗਿੱਲ ਭਵਿੱਖ ਦਾ ਰੋਸ਼ਨ ਚਿਰਾਗ ਹੈ, ਜਿਸਨੇ ਆਪਣੇ ਤਜ਼ਰਬਿਆਂ ਦੇ ਆਧਾਰ ਤੇ ਫ਼ਸਲੀ ਚੱਕਰ ਅਪਣਾ ਕੇ ਪੁਰਜ਼ੋਰ ਅਤੇ ਸਫ਼ਲਤਾ ਹਾਸਲ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ।